ਬਾਲ ਸਾਹਿਤ

# ਫੁੱਲਾਂ ਦਾ ਪੰਘੂੜਾ

ਮਨਮੋਹਨ ਸਿੰਘ ਦਾਊਂ

# ਫੁੱਲਾਂ ਦਾ ਪੰਘੂੜਾ

## (ਨਰਸਰੀ ਗੀਤ)

**Approved by D.P.I. Punjab for Schools**


ਲੇਖਕ

**ਮਨਮੋਹਨ ਸਿੰਘ ਦਾਊਂ**

ਭਾਰਤੀ ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ

ਸ਼੍ਰੋਮਣੀ ਬਾਲ ਸਾਹਿਤ ਲੇਖਕ ਸਨਮਾਨ

(ਪੰਜਾਬ ਸਰਕਾਰ)



ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# Phulan Da Panghura

(Nursery Songs)


by : **Manmohan Singh Daon**

# 280, Phase-6, S.A.S. Nagar,

Mohali (Pb.) -160055

Mob : 98151-23900

E.mail. : m.s.daonpoet@gmail.com



Title designed by T. Singh

ISBN : 978-81-7914-92-6

New Colourful Edition : 2024

Price : Rs. 200

**Published by :**

Tarlochan Publishers
3236, Sector 15-D, Chandigarh
Mob: 98146-73236, Tel. 0172-4613236
E-mail : tpublishers3236@gmail.com

---

**ਫੁੱਲਾਂ ਦਾ ਪੰਘੂੜਾ, ਲੇਖਕ : ਮਨਮੋਹਨ ਸਿੰਘ ਦਾਊਂ**

**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015

**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

# ਸਮਰਪਣ

"ਵਾਰਿਸ਼ ਸ਼ਾਹ ਨਾ ਦੱਬੀਏ ਮੋਤੀਆਂ ਨੂੰ,
ਫੁੱਲ ਅੱਗ ਦੇ ਵਿਚ ਨਾ ਸਾੜੀਏ ਨੀ।"

## ਲੇਖਕ ਦੀਆਂ ਹੋਰ ਚਰਚਿਤ ਬਾਲ-ਪੁਸਤਕਾਂ

1. ਮੇਰਾ ਦੀਵਾ (ਇਨਾਮ-ਜੇਤੂ)
2. ਫੁੱਲਾਂ ਵਾਲਾ ਘਰ (ਇਨਾਮ-ਜੇਤੂ)
3. ਚਾਨਣ ਦੀ ਟਹਿਣੀ (ਇਨਾਮ-ਜੇਤੂ)
4. ਸਭਿਆਚਾਰਕ-ਮੁਹਾਂਦਰੇ (ਇਨਾਮ-ਜੇਤੂ)
5. ਚਾਚਾ ਨਹਿਰੂ
6. ਪੰਛੀਆਂ ਦੇ ਗੀਤ
7. ਫਲਾਂ ਦੀ ਟੋਕਰੀ
8. ਸੋਨ ਸਵੇਰਾ
9. ਰੁੱਖਾਂ ਦਾ ਖ਼ਜ਼ਾਨਾ
10. ਧਰਤੀ ਦੇ ਰੰਗ
11. ਬਾਲ ਝਰੋਖਾ (ਇਨਾਮ ਜੇਤੂ)
12. ਮਹਾਤਮਾ ਗਾਂਧੀ
13. ਕਿਰਲੀ ਤੇ ਤਿੱਤਲੀ (ਇਨਾਮ ਜੇਤੂ)
14. ਰੁੱਖਾਂ ਨਾਲ ਦੋਸਤੀ
15. ਬਾਈ ਬਾਲ ਕਹਾਣੀਆਂ
16. ਆਜ਼ਾਦੀ ਦੀ ਵਾਰ
17. ਗਾਥਾ ਗੜ੍ਹੀ ਚਮਕੌਰ
18. ਗੀਤਾਂ ਦੇ ਘੁੰਗਰੂ
19. ਲੋਕ ਰੰਗਲਾ ਪਿੱਪਲ
20. ਗਿਆਰਾਂ ਮੁੱਠੀਆਂ

# ਤਤਕਰਾ


1. ਗੁਲਾਬ 7
2. ਕੰਵਲ 11
3. ਗੇਂਦਾ 13
4. ਚਮੇਲੀ 15
5. ਦੁਪਹਿਰ-ਖਿੜੀ 17
6. ਕੇਲੀ 19
7. ਕੁੱਕੜ ਕਲਗੀ 21
8. ਡੇਲੀਆ 23
9. ਨਰਗਿਸ 25
10. ਚਾਂਦਨੀ 27
11. ਗੁਲਦਾਊਦੀ 29
12. ਸੂਰਜਮੁਖੀ 33
13. ਫੁੱਲਾਂ ਦਾ ਗੀਤ 37

# ਮੁੱਖ ਸ਼ਬਦ

ਪੰਜਾਬੀ ਬਾਲ ਸਾਹਿਤ ਵਿੱਚ ਨਿਕੜੇ ਬੱਚਿਆਂ ਲਈ ਬਹੁਤ ਘੱਟ ਕਾਵਿ-ਰਚਨਾਵਾਂ ਮਿਲਦੀਆਂ ਹਨ ਜਿਹੜੀਆਂ ਉਹਨਾਂ ਦੀ ਉਮਰ, ਬਾਲ-ਬੁੱਧ, ਮਾਨਸਿਕਤਾ, ਰੁਚੀ ਤੇ ਸ਼ੌਕ ਨੂੰ ਮੁੱਖ ਰੱਖਕੇ ਲਿਖੀਆਂ ਗਈਆਂ ਹੋਣ। ਨਰਸਰੀ ਗੀਤਾਂ ਦੀ ਘਾਟ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾਂਦੀ ਹੈ। ਬੱਚਿਆਂ ਦੀਆਂ ਫੁੱਲਾਂ ਵਰਗੀਆਂ ਕੋਮਲ ਅਤੇ ਰੰਗਾਂ ਵਰਗੀਆਂ ਸੁਹਜ ਰੁਚੀਆਂ ਨੂੰ ਤ੍ਰਿਪਤ ਕਰਨ ਲਈ ਇਹ ਨਰਸਰੀ ਗੀਤ ਉਚੇਚੇ ਤੌਰ 'ਤੇ ਲਿਖੇ ਗਏ ਹਨ।

ਨਿਕੜੇ ਬੱਚਿਆਂ ਨੂੰ 'ਫੁੱਲਾਂ ਦਾ ਪੰਘੂੜਾ' ਕਿਤਾਬੜੀ ਕਿਹੋ ਜਹੀ ਲੱਗੀ ? ਉਨ੍ਹਾਂ ਦੇ ਹੁੰਗਾਰੇ ਦੀ ਉਡੀਕ ਦਾ ਸੁਆਗਤ ਕੀਤਾ ਜਾਵੇਗਾ।

**- ਮਨਮੋਹਨ ਸਿੰਘ ਦਾਊਂ**


## ਗੁਲਾਬ

ਫੁੱਲਾਂ ਵਿੱਚੋਂ ਫੁੱਲ ਗੁਲਾਬ,
ਜੀਵੇ ਸਾਡਾ ਦੇਸ ਪੰਜਾਬ।

ਕੂਲੀਆਂ ਕੂਲੀਆਂ ਪੱਤੀਆਂ ਵਾਲਾ,
ਮਿੱਠੀ ਜਿਹੀ ਸੁਗੰਧੀ ਵਾਲਾ।
ਇਸ ਦੇ ਰੰਗ ਨੇ ਬੇਹਿਸਾਬ,
ਫੁੱਲਾਂ ਵਿੱਚੋਂ ਫੁੱਲ ਗੁਲਾਬ।


ਪੀਲਾ, ਚਿੱਟਾ, ਲਾਲ, ਗੁਲਾਬੀ
ਕੋਈ ਕੇਸਰੀ, ਕੋਈ ਉਨਾਬੀ।
ਬਹੁ ਰੰਗਾਂ ਦੀ ਜਿਵੇਂ ਕਿਤਾਬ,
ਫੁੱਲਾਂ ਵਿੱਚੋਂ ਫੁੱਲ ਗੁਲਾਬ।

ਟਹਿਣੀ ਦੇ ਸੰਗ ਲੱਗੇ ਕੰਡੇ,
ਪਰ ਸਭਨਾਂ ਨੂੰ ਖ਼ੁਸ਼ਬੂ ਵੰਡੇ।
ਕੋਈ ਨਾ ਝੱਲੇ ਇਸ ਦੀ ਤਾਬ,
ਫੁੱਲਾਂ ਵਿੱਚੋਂ ਫੁੱਲ ਗੁਲਾਬ।



ਫੁੱਲਾਂ ਦੇ ਹੁਣ ਲੱਗਦੇ ਮੇਲੇ,
ਚਲੋ ਵੇਖੀਏ ਛੱਡ ਝਮੇਲੇ।
ਚੰਡੀਗੜ੍ਹ ਗੁਲਾਬ ਦਾ ਬਾਗ,
ਫੁੱਲਾਂ ਵਿੱਚੋਂ ਫੁੱਲ ਗੁਲਾਬ।

ਵੇਖੋ ਖਿੜਿਆ ਫੁੱਲ ਗੁਲਾਬ,
ਜੀਵੇ ਸਾਡਾ ਦੇਸ ਪੰਜਾਬ।



## ਕੰਵਲ

ਪਾਣੀ ਉੱਤੇ ਕੰਵਲ ਹੈ ਹੱਸਦਾ,
ਸਾਨੂੰ ਸਭ ਨੂੰ ਖਿੜਨਾ ਦੱਸਦਾ।

ਲਹਿਰਾਂ ਉੱਤੇ ਕਰੇ ਅਸਵਾਰੀ,
ਜਿਉਂ ਮੁਰਗਾਬੀ ਲਾਵੇ ਤਾਰੀ।

ਚੌਹੀਂ ਪਾਸੀਂ ਪੱਤੀਆਂ ਖੁੱਲ੍ਹਣ,
ਰੰਗ ਗੁਲਾਬੀ ਜਿਨ੍ਹਾਂ 'ਚੋਂ ਡੁੱਲਣ।

ਫੁੱਲ ਪਵਿੱਤਰ ਇਨ੍ਹਾਂ ਨੂੰ ਕਹਿੰਦੇ,
ਸੂਰਜ ਚੜ੍ਹੇ ਤਾਂ ਖਿੜਦੇ ਰਹਿੰਦੇ।

ਕੰਵਲ ਦੇ ਵਾਂਗੂੰ ਸਿੱਖੋ ਤਰਨਾ,
ਔਕੜ ਦੇ ਵਿੱਚ ਕਦੇ ਨਾ ਹਰਨਾ।




# ਗੇਂਦਾ

ਏਸ ਕਿਆਰੀ ਵੀ ਹੀ ਗੇਂਦਾ,
ਓਸ ਕਿਆਰੀ ਵੀ ਹੈ ਗੇਂਦਾ।
ਜੋ ਵੀ ਤੇਰੇ ਕੋਲੋਂ ਲੰਘੇ,
ਮਹਿਕ ਉਸ ਨੂੰ ਵੰਡ ਤੂੰ ਦੇਂਦਾ।

ਹਰੀਆਂ ਗੋਲ ਡੋਡੀਆਂ ਉੱਤੇ
ਪੀਲੇ ਪੀਲੇ ਗੇਂਦੇ ਹੱਸਦੇ,
ਧੁੱਪਾਂ ਦੇ ਵਿੱਚ ਖਿੜ-ਖਿੜ ਸੁਹਣੇ
ਸਭ ਰਾਹੀਆਂ ਦੇ ਦਿਲਾਂ ਨੂੰ ਖੱਸਦੇ।

ਰਾਤ ਪਈ ਤਾਂ ਸੋਚੀਂ ਜਾਵਣ
ਕਦ ਹੋਵਣਗੇ ਦੂਰ ਹਨੇਰੇ,
ਸੂਰਜ ਚੜ੍ਹੇ ਸਵੇਰੇ ਹੱਸਦਾ
ਮਹਿਕਾਂ ਵੰਡੀਏ ਚਾਰ ਚੁਫ਼ੇਰੇ।



# ਚਮੇਲੀ

ਖਿੜੀ ਚਮੇਲੀ ਖਿੜੀ ਚਮੇਲੀ,
ਫੁੱਲਾਂ ਦੀ ਬਣ ਗਈ ਸਹੇਲੀ।

ਚਿੱਟੇ ਫੁੱਲ ਪਿਆਰੇ ਲੱਗਣ,
ਫੁੱਲਾਂ ਦੇ ਨਾਲ ਵਿਹੜੇ ਫੱਬਣ।

ਰਾਤੀਂ ਲੱਗਣ ਹੱਸਦੇ ਤਾਰੇ,
ਚਿੱਟੇ ਚਿੱਟੇ ਲੱਗਣ ਪਿਆਰੇ।

ਚਿੱਟਾ ਰੰਗ ਸ਼ਾਂਤੀ ਲੋੜੇ,
ਕੋਈ ਕਿਸੇ ਦਾ ਦਿਲ ਨਾ ਤੋੜੇ।

ਪੱਤਿਆਂ ਦਾ ਰੰਗ ਹਰਾ ਕਚੂਰ
ਫੁੱਲਾਂ ਨੂੰ ਤੱਕ ਚੜ੍ਹੇ ਸਰੂਰ।



# ਦੁਪਹਿਰ-ਖਿੜੀ

ਦੁਪਹਿਰ-ਖਿੜੀ ਹੈ ਪਿਆਰੀ ਪਿਆਰੀ,
ਰੌਣਕ ਲੱਗੀ ਕਿਆਰੀ ਕਿਆਰੀ।

ਕੂਲੀਆਂ ਕੂਲੀਆਂ ਲਗਰਾਂ ਵਾਲੀ,
ਨਿੱਕੀਆਂ ਨਿੱਕੀਆਂ ਪੱਤੀਆਂ ਵਾਲੀ।

ਗਮਲੇ ਵਿੱਚ ਵੀ ਸੁਹਣੀ ਲੱਗੇ,
ਬੂਟੀਆਂ ਵਾਲੇ ਜਿਕੂੰ ਝੱਗੇ।

ਫੁੱਲ ਬਹੁ-ਰੰਗੇ ਇਸ ਨੂੰ ਲੱਗਦੇ,
ਲਾਲ, ਜਾਮਣੀ, ਪੀਲੇ ਫਬਦੇ।

ਸਿਖ਼ਰ ਦੁਪਹਿਰੇ ਖਿੜਦੇ ਰਹਿੰਦੇ,
ਦੁਪਹਿਰ-ਖਿੜੀ ਵੀ ਤਾਂਹੀਓਂ ਕਹਿੰਦੇ।



# ਕੇਲੀ

ਕੇਲੀਏ ਨੀਂ ਕੇਲੀਏ
ਆਓ ਫੁੱਲਾਂ ਕੋਲ ਖੇਲੀਏ,
ਜੋਟੀ ਪਾ ਕੇ ਸਾਰੇ ਜਣੇ
ਝੂਮ ਝੂਮ ਮੇਲੀਏ।

ਪੱਤ ਤੇਰੇ ਸਾਵੇ ਸਾਵੇ
ਵੱਡੇ ਵੱਡੇ ਚੌੜੇ ਚੌੜੇ,
ਦੂਰੋਂ ਹੀ ਪਛਾਣ ਲਈਏ
ਕੋਲ ਆਈਏ ਦੌੜੇ ਦੌੜੇ।

ਤੇਰੇ ਫੁੱਲ ਪੀਲੇ ਪੀਲੇ
ਤੇਰੇ ਫੁੱਲ ਗੂੜ੍ਹੇ ਲਾਲ,
ਪੱਤਿਆਂ ’ਚ ਖਿੜੇ ਸੋਂਹਦੇ,
ਤੱਕਣ ਤੈਨੂੰ ਸਾਰੇ ਬਾਲ।



# ਕੁੱਕੜ ਕਲਗੀ

ਕੁੱਕੜ ਕਲਗੀ ਲੱਗਿਆ
ਦਿੱਸੇ ਸੁਹਣਾ ਵਿੱਚ ਕਿਆਰੀ,
ਮੁਰਗੇ ਦੀ ਜਿਉਂ ਕਲਗੀ
ਲੱਗੇ ਸੂਹੀ ਅਤਿ ਪਿਆਰੀ।

ਪੱਤਿਆਂ ਦਾ ਵੀ ਰੰਗ ਹੈ
ਲੱਗਦਾ ਸੂਹਾ ਲਾਲ,
ਗੱਲਾਂ ਕਰਦੇ ਬੱਚੇ ਦੇਖੇ
ਇੱਕ-ਦੂਜੇ ਦੇ ਨਾਲ।

ਤਣਾ ਏਸ ਦਾ ਕੂਲਾ ਕੂਲਾ
ਲੱਗੇ ਸੂਹਾ ਚੰਗਾ,
ਕੁੱਕੜ ਕਲਗੀ ਫੁੱਲ ਮਖਮਲੀ
ਹੁੰਦਾ ਕਿਰਮਗੀ ਰੰਗਾ।



# ਡੇਲੀਆ

ਡੇਲੀਆ ਖਿੜਿਆ ਸਾਡੇ ਵਿਹੜੇ,
ਵੰਡਦਾ ਜਾਪੇ ਖੁਸ਼ੀਆਂ ਖੇੜੇ।

ਇਸ ਦਾ ਗੁੰਦਵਾਂ ਗੁੱਛਾ ਸੁਹਣਾ,
ਸਭ ਦੇ ਦਿਲ ਨੂੰ ਹੈ ਮਨ ਮੁਹਣਾ।

ਇਸ ਦੇ ਫੁੱਲਾਂ ਦੇ ਬਹੁ-ਰੰਗ,
ਵੇਖ ਵੇਖ ਕੇ ਹੋਈਏ ਦੰਗ।

ਫੁੱਲਾਂ ਦੇ ਨਾਲ ਰੌਣਕ ਲੱਗਦੀ,
ਫੁੱਲਾਂ ਦੇ ਨਾਲ ਕਿਆਰੀ ਸਜਦੀ।

ਜੀ ਚਾਹੇ ਬੱਸ ਤੱਕੀ ਜਾਵਾਂ,
ਜਾਂ ਫੁੱਲਾਂ ਦੇ ਗੀਤ ਮੈਂ ਗਾਵਾਂ।



# ਨਰਗਿਸ

ਚਿੱਟੇ-ਚਿੱਟੇ, ਪੀਲੇ ਰੰਗ ਦੇ
ਨਰਗਿਸ ਦੇ ਫੁੱਲ ਵੇਖੇ ਲਮਕੇ,
ਕੁਦਰਤ ਰਾਣੀ ਏਦਾਂ ਜਾਪੇ,
ਜੀਕੂੰ ਕੋਈ ਅੱਖੀਆਂ ਝਮਕੇ।

ਪੱਤਰ ਇਸ ਦੇ ਫਾਂਕਾਂ ਵਰਗੇ
ਲੱਗੇ ਕੋਈ ਬਾਹਾਂ ਖਲੇਰੇ,
ਜਦ ਖਿੜਦੇ ਨੇ ਫੁੱਲ ਨਰਗਸੀ,
ਰੌਣਕ ਲੱਗੇ ਚਾਰ ਚੁਫ਼ੇਰੇ।

ਚੇਤੇ ਆਵੇ ਨਰਗਿਸ ਐਕਟਰ
ਤੇਰੇ ਨਾਂ ਹੈ ਬਹੁਤ ਪਿਆਰਾ,
ਫੁੱਲਾਂ ਦੀ ਤੂੰ ਰਾਣੀ ਜਾਪੇਂ
ਸੋਹਣਾ ਲੱਗੇ ਜੱਗ ਇਹ ਸਾਰਾ।



# ਚਾਂਦਨੀ

ਖਿੜੇ ਚਾਂਦਨੀ ਰਾਤਾਂ ਨੂੰ,
ਮਾਰੇ ਹਾਕ ਪ੍ਰਭਾਤਾਂ ਨੂੰ।
ਯਾਦ ਕਰਾਵੇ ਤਾਰਿਆਂ ਨੂੰ,
ਮਹਿਕਾਂ ਵੰਡੇ ਸਾਰਿਆਂ ਨੂੰ।

ਕੰਮ ਆਏ ਫੁੱਲਾਂ ਦਾ ਰਸ,
ਇਹ ਗੱਲ ਹੋਰਾਂ ਨੂੰ ਵੀ ਦੱਸ।
ਜੜ੍ਹ ਤੇ ਪੱਤਿਓਂ ਬਣੇ ਦਵਾਈ,
ਅਸੀਂ ਚਾਂਦਨੀ ਤਾਹੀਓਂ ਲਾਈ।

ਚੰਨ-ਚਾਨਣੀ ਜਦੋਂ ਹੈ ਆਉਂਦੀ
ਤੇਰੀ ਯਾਦ ਝੱਟ ਆ ਜਾਂਦੀ,
ਸਾਵੇਂ ਸਾਵੇਂ ਪੱਤਿਆਂ ਦੇ ਸੰਗ
ਸਭ ਦੇ ਮਨਾਂ ਨੂੰ ਤੂੰ ਹੀ ਭਾਂਦੀ।




# ਗੁਲਦਾਊਦੀ

ਖਿੜੀਆਂ ਨੇ ਗੁਲਦਾਊਦੀਆਂ,
ਅੱਖੀਆਂ ਤੱਕਣ ਅਸਾਡੀਆਂ
ਕਿਆਰੀਆਂ 'ਚ ਲੱਗੀਆਂ,
ਰੌਣਕਾਂ ਮੁੜ ਡਾਢੀਆਂ।

ਗੁੰਦਵੇਂ ਗੁੱਛੇ ਰੇਸ਼ਮੀ
ਲਾਲ, ਉਨਾਬੀ ਹੱਸਦੇ,
ਚਿੱਟੇ ਪੀਲੇ ਰੰਗਾਂ ਦੇ
ਦਿਲ ਅਸਾਡੇ ਖੱਸਦੇ।

ਵਿਹੜੇ ਘਰ ਮਹਿਕਾਉਂਦੀਆਂ,
ਪੌਣਾਂ ਵੀ ਨਸ਼ਿਆਉਂਦੀਆਂ,
ਵੰਨ-ਸੁਵੰਨੇ ਰੰਗਾਂ ਥੀਂ
ਰਾਹੀਆਂ ਨੂੰ ਭਰਮਾਉਂਦੀਆਂ।

ਖਿੜੀਆਂ ਨੇ ਗੁਲਦਾਊਦੀਆਂ
ਫੁੱਲਾਂ ਲੱਦੀਆਂ ਵਾਦੀਆਂ,
ਧੁੱਪੇ ਖਿੜੀਆਂ ਜਿਸ ਤਰ੍ਹਾਂ,
ਰੰਗਾਂ ਦੀਆਂ ਮਤਾਬੀਆਂ।



ਅਮਨ ਸੁਨੇਹਾ ਦੇਣ ਲਈ
ਖਿੜੀਆਂ ਨੇ ਗੁਲਦਾਉਦੀਆਂ
ਧਰਤੀ ਉੱਤੇ ਜੰਗ ਨਾਲ
ਹੋਣ ਨਾ ਬਰਬਾਦੀਆਂ।

ਖਿੜੀਆਂ ਨੇ ਗੁਲਦਾਉਦੀਆਂ,
ਅੱਖੀਆਂ ਤੱਕਣ ਅਸਾਡੀਆਂ



# ਸੂਰਜਮੁਖੀ

ਸੁਣ ਸੂਰਜਮੁਖੀ, ਵੇ ਸੂਰਜਮੁਖੀ,
ਤੱਕ ਕੇ ਤੈਨੂੰ ਚੜ੍ਹਦੀ ਖੁਸ਼ੀ।


ਹੋਏ ਸਵੇਰਾ ਤੂੰ ਖਿੜ ਜਾਵੇਂ,
ਪੀਲੇ ਰੰਗ ਦੀ ਹੱਟੀ ਲਾਵੇਂ।

ਸੋਨੇ ਦਾ ਤੂੰ ਲੱਗੇਂ ਥਾਲ,
ਪੀਲਾ ਪੀਲਾ ਬਹੁਤ ਕਮਾਲ।

ਸੂਰਜ ਵੱਲ ਨੂੰ ਮੁਖੜਾ ਰੱਖੇਂ,
ਉੱਚਾ ਕਰ ਕੇ ਸਿਰ ਤੂੰ ਹੱਸੇਂ।

ਸੂਰਜਮੁਖੀ ਹੈ ਤਾਂਹੀਓਂ ਨਾਂ,
ਮੈਨੂੰ ਦੱਸੇ ਪਿਆਰੀ ਮਾਂ।

ਥਾਲੀ ਜਿੱਡਾ ਤੇਰਾ ਫੁੱਲ,
ਕੋਈ ਨਾ ਦਿੱਸੇ ਤੇਰੇ ਤੁੱਲ।



ਕਾਲੇ ਜੜਵੇਂ ਤੇਰੇ ਬੀਜ,
ਕੁਦਰਤ ਗੁੰਦੇ ਪੂਰੀ ਰੀਝ।

ਤੇਰੀ ਦੂਰੋਂ ਰਹੇ ਪਛਾਣ,
ਖਿੜਿਆ ਰਹੇਂ ਤੂੰ ਪੱਤੀਆਂ ਤਾਣ।



# ਫੁੱਲਾਂ ਦਾ ਗੀਤ

ਫੁੱਲ ਖਿੜੇ ਨੇ ਰੰਗ ਬਿਰੰਗੇ,
ਸਭ ਨੂੰ ਲੱਗਣ ਵਾਹਵਾ ਚੰਗੇ।

ਆਲਾ ਦੁਆਲਾ ਲੱਗੇ ਪਿਆਰਾ,
ਫੁੱਲਾਂ ਦਾ ਮਨਮੋਹਕ ਨਜ਼ਾਰਾ।

ਟਹਿਣੀ ਦੇ ਸੰਗ ਫੁੱਲ ਨੇ ਹੱਸਦੇ,
ਜਿਉਂ ਮਾਂਵਾਂ ਦੇ ਪੁੱਤਰ ਵੱਸਦੇ।

ਕਦੇ ਗੇਂਦਾ ਹੈ ਰੂਪ ਸਜਾਉਂਦਾ,
ਕਦੇ ਗੁਲਾਬ ਹੈ ਮੇਲੇ ਲਾਉਂਦਾ।

ਖਿੜੇ ਚਮੇਲੀ ਚਿੱਟੇ ਰੰਗ ਦੀ,
ਪੌਣ ਵੀ ਘੁੱਟਾਂ ਭਰਕੇ ਲੰਘਦੀ।

ਜਦ ਕੇਲੀ ਦੀ ਵਾਰੀ ਆਉਂਦੀ,
ਗੂੜ੍ਹਾ ਸੂਹਾ ਰੂਪ ਸਜਾਉਂਦੀ।



ਸੂਰਜਮੁਖੀ ਸੂਰਜ ਵੱਲ ਝਲਕੇ,
ਸੋਨੇ ਦਾ ਜਿਉਂ ਟਿੱਕਾ ਡਲ੍ਹਕੇ।

ਕਦੇ ਦੁਪਹਿਰ ਖਿੜੀ ਪਈ ਹੱਸੇ,
ਕਣ-ਕਣ ਅੰਦਰ ਕੁਦਰਤ ਵੱਸੇ।

ਕਦੇ ਡੇਲੀਆ ਮਨ ਨੂੰ ਮੋਹੇ,
ਤ੍ਰੇਲ ਫੁੱਲਾਂ ਦੇ ਮੁਖੜੇ ਧੋਵੇ।

ਕੰਵਲ ਪਾਣੀ 'ਤੇ ਕਰੇ ਅਸਵਾਰੀ,
ਅੱਖੀਆਂ ਝਮਕੇ ਨਰਗਿਸ ਪਿਆਰੀ।

ਗੁਲਦਾਉਦੀ ਨੂੰ ਤੋੜ ਨਾ ਪਿਆਰੇ,
ਸੁੰਦਰਤਾ ਦੇ ਮਾਣ ਨਜ਼ਾਰੇ।



**ਮਨਮੋਹਨ ਸਿੰਘ ਦਾਊਂ**

ਇਹ ਫੁੱਲਾਂ ਦੇ ਗੀਤ ਸਾਡੇ ਉਨ੍ਹਾਂ ਫੁੱਲਾਂ ਨਾਲ ਸੰਬੰਧਿਤ ਹਨ ਜਿਹੜੇ ਸਾਡੇ ਬਾਗ਼ਾਂ, ਪਾਰਕਾਂ, ਘਰਾਂ ਅਤੇ ਖੇਤਾਂ ਵਿੱਚ ਮਿਲਦੇ ਹਨ। ਇਹ ਪੁਸਤਕ ਨਿੱਕੜੇ ਬੱਚਿਆਂ ਲਈ ਆਮ ਮਿਲਦੇ ਫੁੱਲਾਂ ਸਬੰਧੀ ਮੁਢਲੀ ਜਾਣਕਾਰੀ ਦੇਣ ਦੇ ਸਮਰੱਥ ਕਾਵਿ-ਪੁਸਤਕ ਹੈ। ਇਹ ਗੀਤ, ਪ੍ਰਕਿਰਤੀ ਦੀ ਸੁਹਜਮਈ ਰਸਦਾਇਕ ਰਚਨਾ ਫੁੱਲਾਂ ਵਰਗੀਆਂ ਕੋਮਲ ਅਤੇ ਰਸਰੰਗ ਪ੍ਰਧਾਨ ਵਸਤਾਂ ਦਾ ਗਿਆਨ ਵੀ ਕਰਵਾਉਂਦੇ ਹਨ। ਬਾਲ-ਮਨਾਂ ਅੰਦਰ ਫੁੱਲਾਂ ਪ੍ਰਤੀ ਸਨੇਹ ਵੀ ਉਪਜਾਉਂਦੇ ਹਨ। ਸ੍ਰੀ ਮਨਮੋਹਨ ਸਿੰਘ ਦਾਊਂ ਆਪਣੇ ਇਸ ਲੇਖਣ ਕਾਰਜ ਲਈ ਵਧਾਈ ਦਾ ਹੱਕਦਾਰ ਹੈ।

– ਡਾ. ਅਮਰ ਕੋਮਲ


Tarlochan
Publishers
Phullan Da Panghura